Public Health
England

NHS

## ਲੰਡਨ ਵਿੱਚ ਮਾਪਿਆਂ ਲਈ ਜਾਣਕਾਰੀ

# ਟੀਬੀ, ਬੀਸੀਜੀ ਵੈਕਸੀਨ ਅਤੇ ਤੁਹਾਡਾ ਬੱਚਾ

ਬਹੁਤ ਸਾਰੇ ਹੋਰ ਦੇਸ਼ਾਂ ਦੀ ਤਰ੍ਹਾਂ, ਯੂਕੇ ਵਿੱਚ ਬੀਸੀਜੀ (ਬੈਸੀਲਸ ਕਾਲਮੇਟ-ਗੁਏਰਿਨ) ਵੈਕਸੀਨ ਦੀ ਪੇਸ਼ਕਸ਼ ਉਹਨਾਂ ਬੱਚਿਆਂ ਨੂੰ ਕੀਤੀ ਜਾਂਦੀ ਹੈ ਜਿਨ੍ਹਾਂ ਦੀ ਕਿਸੇ ਤਪਦਿਕ (ਟੀਬੀ) ਵਾਲੇ ਵਿਅਕਤੀ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਹੁੰਦੀ ਹੈ।

ਇਸ ਵਿੱਚ ਉਹ ਬੱਚੇ ਸ਼ਾਮਲ ਹੁੰਦੇ ਹਨ ਜੋ ਟੀਬੀ ਦੀ ਉੱਚੀ ਦਰ ਵਾਲੇ ਖੇਤਰ ਵਿੱਚ ਰਹਿੰਦੇ ਹਨ ਜਾਂ ਜਿਨ੍ਹਾਂ ਦੇ ਮਾਪਿਆਂ ਜਾਂ ਨਾਨਾ-ਨਾਨੀ/ਦਾਦਾ-ਦਾਦੀ ਟੀਬੀ ਦੀ ਉੱਚੀ ਦਰ ਵਾਲੇ ਦੇਸ਼ ਤੋਂ ਹਨ।



immunisation
the safest way to protect your child

ਸਾਲ 2016 ਤੋਂ, ਲੰਡਨ ਦੇ ਬਹੁਤ ਸਾਰੇ ਮੈਟਰਨਿਟੀ ਵਾਰਡਾਂ ਨੇ ਸਾਰੇ ਬੱਚਿਆਂ ਨੂੰ ਬੀਸੀਜੀ ਦੀ ਪੇਸ਼ਕਸ਼ ਕੀਤੀ ਕਿਉਂਕਿ ਟੀਬੀ ਦੀ ਦਰ ਦੇਸ਼ ਦੇ ਦੂਜੇ ਹਿੱਸਿਆਂ ਨਾਲੋਂ ਵੱਧ ਸੀ। ਪਰ, ਪਿਛਲੇ 8 ਸਾਲਾਂ ਤੋਂ ਲੰਡਨ ਵਿੱਚ ਟੀਬੀ ਤੋਂ ਪੀੜਤ ਲੋਕਾਂ ਦੀ ਗਿਣਤੀ ਹਰ ਸਾਲ ਘਟਦੀ ਗਈ ਹੈ।

ਇਸ ਲਈ, ਸਤੰਬਰ 2020 ਤੋਂ, ਲੰਡਨ ਵਿੱਚ ਪੈਦਾ ਹੋਏ ਹਰ ਬੱਚੇ ਲਈ ਬੀਸੀਜੀ ਉਪਲਬਧ ਨਹੀਂ ਹੋਵੇਗਾ। ਉਹਨਾਂ ਬੱਚਿਆਂ, ਜੋ ਟੀਬੀ ਦੀ ਉੱਚੀ ਦਰ ਵਾਲੇ ਖੇਤਰ ਵਿੱਚ ਰਹਿੰਦੇ ਹਨ ਜਾਂ ਜਿਨ੍ਹਾਂ ਦੇ ਮਾਪਿਆਂ ਜਾਂ ਨਾਨਾ-ਨਾਨੀ/ਦਾਦਾ-ਦਾਦੀ ਟੀਬੀ ਦੀ ਉੱਚੀ ਦਰ ਵਾਲੇ ਦੇਸ਼ ਤੋਂ ਹਨ, ਨੂੰ ਬੀਸੀਜੀ ਦੀ ਪੇਸ਼ਕਸ਼ ਕਰਨਾ ਜਾਰੀ ਰਹੇਗਾ। ਬੀਸੀਜੀ ਵੈਕਸੀਨ ਕਮਿਉਨਿਟੀ ਕਲੀਨਿਕਾਂ ਵਿੱਚ ਮੁਹੱਈਆ ਕੀਤੀ ਜਾਵੇਗੀ।

## ਸਤੰਬਰ 2020 ਤੋਂ, ਜੇ ਤੁਸੀਂ ਹੇਠ ਲਿਖਿਆਂ ਵਿੱਚੋਂ ਕਿਸੇ ਵੀ ਪ੍ਰਸ਼ਨ ਦਾ ਜਵਾਬ 'ਹਾਂ' ਦਿੰਦੇ ਹੋ, ਤਾਂ ਤੁਹਾਡੀ ਦਾਈ, ਹੈਲਥ ਵਿਜ਼ਿਟਰ ਜਾਂ ਜੀਪੀ ਤੁਹਾਡੇ ਬੱਚੇ ਨੂੰ ਕਮਿਉਨਿਟੀ ਬੀਸੀਜੀ ਟੀਕਾਕਰਣ ਕਲੀਨਿਕ ਵਿੱਚ ਭੇਜਣਗੇ:

- ਕੀ ਤੁਹਾਡਾ ਬੱਚਾ, ਬੱਚੇ ਦੀ ਮਾਂ, ਪਿਤਾ ਜਾਂ ਨਾਨਾ-ਨਾਨੀ/ਦਾਦਾ-ਦਾਦੀ, ਜਾਂ ਤੁਹਾਡੇ ਨਾਲ ਰਹਿਣ ਵਾਲਾ ਕੋਈ ਵਿਅਕਤੀ, ਅਜਿਹੇ ਦੇਸ਼ ਤੋਂ ਆਇਆ ਹੈ ਜਿੱਥੇ ਟੀਬੀ ਦੀ ਉੱਚੀ ਦਰ ਹੈ*?
- ਕੀ ਤੁਸੀਂ ਅਤੇ ਤੁਹਾਡਾ ਬੱਚਾ ਇਹਨਾਂ ਵਿੱਚੋਂ ਕਿਸੇ ਦੇਸ਼ ਵਿੱਚ ਦੋਸਤਾਂ ਅਤੇ ਪਰਿਵਾਰ ਨਾਲ ਰਹਿਣ ਜਾਂ ਰੁਕਣ ਵਾਸਤੇ ਜਾਓਗੇ?
- ਕੀ ਤੁਹਾਡੇ ਨਾਲ ਰਹਿਣ ਵਾਲੇ, ਜਾਂ ਤੁਹਾਡੇ ਬੱਚੇ ਨਾਲ ਬਹੁਤ ਸਾਰਾ ਸਮਾਂ ਬਿਤਾਉਣ ਵਾਲੇ ਕਿਸੇ ਵਿਅਕਤੀ ਨੂੰ ਹੁਣ ਟੀਬੀ ਹੈ ਜਾਂ ਬੀਤੇ ਸਮੇਂ ਵਿੱਚ ਟੀਬੀ ਹੋਈ ਸੀ?
- ਕੀ ਤੁਸੀਂ ਲੰਦਨ ਬਰੋ ਆਫ ਨਿਉਹੈਮ ਵਿੱਚ ਰਹਿੰਦੇ ਹੋ?



* www.gov.uk/government/publications/tuberculosis-tb-by-country-rates-per-100000-people

© Crown copyright 2020. ਉਤਪਾਦ ਕੋਡ: 2020103B. ਪਬਲਿਕ ਹੈਲਥ ਇੰਗਲੈਂਡ ਗੇਟਵੇ ਨੰਬਰ: 2020103. ਸੰਸਕਰਣ 1. 27-07-2020. ਉੱਪਰ ਦਿੱਤੇ ਉਤਪਾਦ ਕੋਡ ਦੀ ਵਰਤੋਂ ਕਰਦੇ ਹੋਏ ਇਸ ਪੋਸਟਰ ਦੀਆਂ ਕਾਪੀਆਂ HealthPublications.gov.uk ਤੋਂ ਆਰਡਰ ਕੀਤੀਆਂ ਜਾ ਸਕਦੀਆਂ ਹਨ।